3-Jan-JAG-5,6,7,8.qxd 1/3/2022 11:33 PM Page 2







ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਜੋੜ ਮੇਲੇ ਦੇ ਦੂਜੇ ਦਿਨ ਕਥਾ-ਕੀਰਤਨ ਦਰਬਾਰ ਦੌਰਾਨ ਭਾਈ ਜਸਵੰਤ ਸਿੰਘ ਦਾ ਕੀਰਤਨੀ ਜਥਾ ਕੀਰਤਨ ਕਰਦਾ ਹੋਇਆ। (ਸੱਜੇ) ਮੀਰੀ-ਪੀਰੀ ਜਥਾ ਜਗਾਧਰੀ ਨੂੰ ਸਿਰੋਪਾਓ ਭੇਟ ਕਰਦੇ ਹੋਏ ਜਥੇਦਾਰ ਜਗਜੀਤ ਸਿੰਘ ਤਲਵੰਡੀ, ਜਥੇਦਾਰ ਰਘਵੀਰ ਸਿੰਘ ਸਹਾਰਨਮਾਜਰਾ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ), ਮੈਨੇਜਰ ਗੁਰਸੇਵਕ ਸਿੰਘ। ਤਸਵੀਰਾਂ: ਬਲਵਿੰਦਰ ਸਿੰਘ ਲਿੱਤਰ

# ਗੁ: ਟਾਹਲੀਆਣਾ ਸਾਹਿਬ ਵਿਖੇ ਜੋੜ ਮੇਲੇ ਦੇ ਦੂਜੇ ਦਿਨ ਕਥਾ ਕੀਰਤਨ ਦਰਬਾਰ ਸਜਾਇਆ

## ਦਸਮੇਸ਼ ਪਿਤਾ ਨੇ ਦੇਸ਼ ਤੇ ਸਿੱਖ ਕੌਮ ਲਈ ਸਰਬੰਸ ਵਾਰਿਆ-ਗਿਆਨੀ ਚਰਨਜੀਤ ਸਿੰਘ

ਰਾਏਕੋਟ, 3 ਜਨਵਰੀ (ਬਲਵਿੰਦਰ ਸਿੰਘ ਲਿੱਤਰ)- ਗੁਰਦੁਆਰਾ ਟਾਹਲੀਆਣਾ ਸਾਹਿਬ ਪਾਤਸ਼ਾਹੀ ਦਸਵੀਂ ਰਾਏਕੋਟ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਾਉਣ ਦੀ ਖ਼ੁਸ਼ੀ ਵਿਚ ਮਨਾਏ ਜਾਂਦੇ ਆਗਮਨ ਪੁਰਬ ਸਬੰਧੀ ਸਾਲਾਨਾ ਜੋੜ ਮੇਲੇ ਦੇ ਦੂਜੇ ਦਿਨ ਜਥੇਦਾਰ ਜਗਜੀਤ ਸਿੰਘ ਤਲਵੰਡੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹਿਨੁਮਾਈ ਹੇਠ ਮਹਾਨ ਕਥਾ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਦੌਰਾਨ ਪ੍ਰਸਿੱਧ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਜਰਨੈਲ ਸਿੰਘ ਕੋਹਾੜਕਾ, (ਦੋਵੇਂ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ), ਭਾਈ ਜਸਵੰਤ ਸਿੰਘ (ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ), ਮੀਰੀ-ਪੀਰੀ ਜਥਾ ਜਗਾਧਰੀ ਆਦਿ ਦੇ ਜਥਿਆਂ ਨੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਭਾਈ ਗੁਰਚਰਨ ਸਿੰਘ ਗਰੇਵਾਲ, ਜਥੇਦਾਰ ਰਘਵੀਰ ਸਿੰਘ ਸਹਾਰਨਮਾਜਰਾ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ), ਬਾਬਾ ਟੇਕ ਸਿੰਘ ਧਨੌਲਾ ਜ਼ਿਲ੍ਹਾ ਬਰਨਾਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਹਾਜ਼ਰੀ ਭਰੀ। ਇਸ ਮੌਕੇ ਪੰਥ ਦੇ ਮਹਾਨ ਵਿਦਵਾਨ ਗਿਆਨੀ ਚਰਨਜੀਤ ਸਿੰਘ ਕਥਾਵਾਚਕ ਗੁਰਦੁਆਰਾ ਨਾਢਾ ਸਾਹਿਬ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਬੰਧੀ ਸਿੱਖ ਸੰਗਤਾਂ ਨੂੰ ਇਤਿਹਾਸ ਸੁਣਾਇਆ ਗਿਆ। ਜਥੇਦਾਰ ਜਗਜੀਤ ਸਿੰਘ ਤਲਵੰਡੀ ਮੈਂਬਰ ਸ਼੍ਰੋਮਣੀ ਕਮੇਟੀ ਨੇ ਸਮੁੱਚੇ ਹਜ਼ੂਰੀ ਰਾਗੀ ਜਥਿਆਂ ਨੂੰ ਸਨਮਾਨਿਤ ਕਰਦਿਆਂ ਸੰਗਤਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਆਗਮਨ ਪੁਰਬ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਅਤੇ ਗੁਰੂ ਸਹਿਬਾਨਾਂ ਦੇ ਮਾਰਗ 'ਤੇ ਚੱਲਣ ਲਈ ਆਖਿਆ। ਇਸ ਮੌਕੇ ਮੈਨੇਜਰ ਗੁਰਸੇਵਕ ਸਿੰਘ, ਚੇਅਰਮੈਨ ਇੰਦਰਜੀਤ ਸਿੰਘ ਗੋਂਦਵਾਲ, ਡਾ. ਹਰਪਾਲ ਸਿੰਘ ਗਰੇਵਾਲ, ਅਮਰਜੀਤ ਸਿੰਘ ਸਹਿਬਾਜਪੁਰਾ, ਗੁਰਸ਼ਰਨ ਸਿੰਘ ਬੜੂੰਦੀ, ਅੰਮ੍ਰਿਤਪਾਲ ਸਿੰਘ ਹੈਪੀ ਸਿਵੀਆਂ, ਡਾ: ਅਸ਼ੋਕ ਸ਼ਰਮਾ, ਬਾਵਾ ਚੋਪੜਾ, ਸਤਪਾਲ ਸਿੰਘ ਝੋਰੜਾਂ, ਪ੍ਰੇਮ ਸਿੰਘ ਜਲਾਲਦੀਵਾਲ, ਪਿਆਰਾ ਸਿੰਘ ਨੱਥੋਵਾਲ, ਕੁਲਵੰਤ ਸਿੰਘ ਸੰਤ, ਗੁਰਚਰਨ ਸਿੰਘ ਸੰਤ, ਨਛੱਤਰ ਸਿੰਘ ਰਾਏਕੋਟ, ਬਿੰਦਰ ਸਿੰਘ ਧੂਰਕੋਟ, ਪ੍ਰਿਤਪਾਲ ਸਿੰਘ ਰਾਏਕੋਟ, ਜਗਦੇਵ ਸਿੰਘ ਗਰੇਵਾਲ, ਭਾਈ ਹਰਦੀਪ ਸਿੰਘ, ਹੈੱਡ ਗ੍ਰੰਥੀ ਭਾਈ ਨਾਜਰ ਸਿੰਘ, ਜੋਗਾ ਸਿੰਘ, ਹਰਵਿੰਦਰ ਸਿੰਘ ਭੂੰਦੜੀ, ਮਨਜੀਤ ਸਿੰਘ, ਰਾਜਦੇਵ ਸਿੰਘ, ਗੁਰਿੰਦਰਵੀਰ ਸਿੰਘ (ਦੋਵੇਂ ਇੰਸਪੈਕਟਰ), ਮੈਨੇਜਰ ਹਰਦੀਪ ਸਿੰਘ ਸੁਧਾਰ, ਮੈਨੇਜਰ ਨਿਰਭੈ ਸਿੰਘ ਹੇਰਾਂ, ਪਰਮਿੰਦਰ ਸਿੰਘ ਖੰਗੂੜਾ, ਗੁਰਦੀਪ ਸਿੰਘ, ਹਰਪ੍ਰੀਤ ਸਿੰਘ ਆਰ.ਕੇ., ਕਾਨੂੰਨਗੋ ਬਿੱਕਰ ਸਿੰਘ ਕਾਉਂਕੇ ਆਦਿ ਹਾਜ਼ਰ ਸਨ।





ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਦੇ ਸਾਲਾਨਾ ਜੋੜ ਮੇਲੇ ਦੌਰਾਨ ਧਾਲੀਵਾਲ ਪਲਾਈਵੁੱਡ ਵਲੋਂ ਲੰਗਰ ਲਗਾਏ ਗਏ ਅਤੇ (ਸੱਜੇ) ਜੋੜ ਮੇਲੇ ਦੌਰਾਨ ਲਗਾਏ ਲੰਗਰ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬਲਵਿੰਦਰ ਸਿੰਘ ਸੰਧੂ, ਨਛੱਤਰ ਸਿੰਘ ਰਾਏਕੋਟ, ਕੁਲਵੰਤ ਸਿੰਘ ਪੀਪੀ, ਕਾਲਾ ਫਰੂਟਾਂ ਵਾਲਾ, ਪਵਿੱਤਰ ਸਿੰਘ ਔਲਖ, ਸੁਖਜਿੰਦਰਪਾਲ ਸਿੰਘ, ਵਰੁਣ ਜੈਨ, ਸ਼ਿਵਚਰਨ ਜੋਸ਼ੀ, ਇਕਬਾਲ ਸਿੰਘ ਗਰੇਵਾਲ, ਜਗਦੇਵ ਸਿੰਘ ਗਰੇਵਾਲ, ਸਤਪਾਲ ਸਿੰਘ ਝੋਰੜਾਂ, ਹੈਪੀ ਸਿਵੀਆਂ ਸੇਵਾ ਕਰਦੇ ਹੋਏ। ਵੇਰਵਾ ਤੇ ਤਸਵੀਰਾਂ : ਬਲਵਿੰਦਰ ਸਿੰਘ ਲਿੱਤਰ

# ਸੰਤ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲਿਆਂ ਨੇ ਮਲਕਪੁਰ ਬੇਟ 'ਚ ਧਾਰਮਿਕ ਦੀਵਾਨ ਸਜਾਏ

ਹੰਬੜਾਂ, 3 ਜਨਵਰੀ (ਮੇਜਰ ਹੰਬੜਾਂ)- ਪਿੰਡ ਮਲਕਪੁਰ ਬੇਟ ਵਿਖੇ ਸਮੂਹ ਗ੍ਰਾਮ ਪੰਚਾਇਤ ਅਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਅਮਰੀਕ ਸਿੰਘ ਪੰਜ ਭੈਣੀ ਵਾਲਿਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ 6 ਰੋਜ਼ਾ ਧਾਰਮਿਕ ਦੀਵਾਨ ਸਜਾਏ ਗਏ। ਸੰਤ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲਿਆਂ ਵਲੋਂ ਦੀਵਾਨਾਂ ਦੇ ਅਖੀਰਲੇ ਦਿਨ ਸੰਗਤਾਂ ਨੂੰ ਆਪਣੇ ਅਨਮੋਲ ਵਿਚਾਰਾਂ ਰਾਹੀਂ ਜਿੱਥੇ ਨਿਹਾਲ ਕੀਤਾ, ਉੱਥੇ ਉਨ੍ਹਾਂ ਕਿਹਾ ਕਿ ਮਨੁੱਖ ਨੂੰ ਨਾਮ ਸਿਮਰਨ ਨਾਲ ਜੁੜਦਿਆਂ ਆਪਣੇ ਮਨੁੱਖੀ ਜੀਵਨ ਨੂੰ ਪ੍ਰਭੂ ਦੇ ਲੇਖੇ ਲਗਾਉਣਾ ਚਾਹੀਦਾ ਹੈ। ਇਸ ਮੌਕੇ 'ਤੇ ਜਥੇਦਾਰ ਲਾਭ ਸਿੰਘ ਸੇਖੋਂ, ਜਥੇਦਾਰ ਕਰਮਜੀਤ ਸਿੰਘ ਮਲਕਪੁਰ, ਸਰਪੰਚ ਬਲਜਿੰਦਰ ਸਿੰਘ ਮਲਕਪੁਰ, ਪ੍ਰਧਾਨ ਦਰਸ਼ਨ ਸਿੰਘ ਗਰੇਵਾਲ, ਬਲਵੀਰ ਸਿੰਘ ਗਰੇਵਾਲ, ਗਿਆਨੀ ਜਸਵਿੰਦਰ ਸਿੰਘ ਤੇ ਹੋਰ ਪਬੰਧਕਾਂ ਵਲੋਂ ਸੰਤ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲਿਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਇਸ ਮੌਕੇ ਬੇਅੰਤ ਸਿੰਘ ਗਰੇਵਾਲ, ਕੁਲਵੰਤ ਸਿੰਘ ਸੇਖੋਂ, ਬੂਟਾ ਸਿੰਘ ਸੇਖੋਂ, ਦਿਲਬਾਗ ਸਿੰਘ, ਪੰਚ ਜਸਵਿੰਦਰ ਸਿੰਘ, ਬਾਬਾ ਸੁਖਦੇਵ ਸਿੰਘ ਫਾਗਲਾ, ਸਾਬਕਾ ਪੰਚ ਸੰਤਾ ਸਿੰਘ, ਪੰਚ ਅਮਰੀਕ ਸਿੰਘ, ਰਾਜਵੰਤ ਸਿੰਘ ਗਰੇਵਾਲ, ਸਾਧੂ ਸਿੰਘ ਗਰੇਵਾਲ, ਪੰਚ ਸਰਵਣ ਸਿੰਘ ਗਰੇਵਾਲ, ਗੁਰਮੇਲ ਸਿੰਘ, ਅੱਛਰ ਸਿੰਘ, ਬਲਦੇਵ ਸਿੰਘ ਖਹਿਰਾ ਸਮੇਤ ਹੋਰ ਸੰਗਤਾਂ ਵੱਡੀ ਗਿਣਤੀ 'ਚ ਮੌਜੂਦ ਸਨ। ਸਮਾਗਮਾਂ 'ਚ ਸੰਗਤਾਂ ਲਈ ਸੇਵਾਦਾਰਾਂ ਵਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



ਪਿੰਡ ਮਲਕਪੁਰ ਬੇਟ ਵਿਖੇ ਸੰਤ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲਿਆਂ ਦਾ ਸਨਮਾਨ ਕਰਦੇ ਜਥੇ: ਲਾਭ ਸਿੰਘ ਸੇਖੋਂ, ਜਥੇ: ਕਰਮਜੀਤ ਸਿੰਘ ਮਲਕਪੁਰ, ਦਰਸ਼ਨ ਸਿੰਘ ਗਰੇਵਾਲ, ਬਲਵੀਰ ਸਿੰਘ ਗਰੇਵਾਲ ਤੇ ਹੋਰ ਪ੍ਰਬੰਧਕ। ਤਸਵੀਰ: ਮੇਜਰ ਹੰਬੜਾਂ

## ਬਾਸੀਆਂ ਬੇਟ 'ਚ ਪੁਨੀਤਾ ਸੰਧੂ ਵਲੋਂ ਵਿਕਾਸ ਕਾਰਜਾਂ ਦਾ ਉਦਘਾਟਨ

ਹੰਬੜਾਂ, 3 ਜਨਵਰੀ (ਹਰਵਿੰਦਰ ਸਿੰਘ ਮੱਕੜ, ਮੇਜਰ ਹੰਬੜਾਂ)- ਇੱਥੋਂ ਨਜ਼ਦੀਕੀ ਹਲਕਾ ਦਾਖਾ ਦੇ ਪਿੰਡ ਬਾਸੀਆਂ ਬੇਟ ਵਿਖੇ ਸਰਪੰਚ ਹਰਭਜਨ ਸਿੰਘ ਸੇਖੋਂ, ਮਨਜੀਤ ਕੌਰ ਤੇ ਗ੍ਰਾਮ ਪੰਚਾਇਤ ਦੀ ਅਗਵਾਈ ਵਿਚ ਕਰਵਾਏ ਸਮਾਗਮ ਦੌਰਾਨ ਇੰਚਾਰਜ ਕੈਪਟਨ ਸੰਦੀਪ ਸੰਧੂ ਦੇ ਸਹਿਯੋਗ ਨਾਲ ਕਰਵਾਏ ਗਏ ਵੱਖ-ਵੱਖ ਵਿਕਾਸ ਕੰਮਾਂ ਵਿਚ ਨਵੀਂ ਬਣੀ ਖੇਡ ਗਰਾਊਂਡ, ਪਿੰਡ ਦੇ ਮੇਨ ਗੇਟ 'ਤੇ ਲੱਗੀਆਂ ਇੰਟਰਲਾਕ ਟਾਈਲਾਂ ਆਦਿ ਦਾ ਉਦਘਾਟਨ ਕੈਪਟਨ ਸੰਦੀਪ ਸੰਧੂ ਦੀ ਪਤਨੀ ਮੈਡਮ ਪੁਨੀਤਾ ਸੰਧੂ ਵਲੋਂ ਕੀਤਾ ਗਿਆ। ਇਸ ਮੌਕੇ ਪਿੰਡ ਦੀ ਸਹੂਲਤ ਲਈ ਨਵੇਂ ਦੋ ਵੱਡੇ ਹਾਲ ਬਣਾਉਣ ਦਾ ਨੀਂਹ ਪੱਥਰ ਵੀ ਮੈਡਮ ਪੁਨੀਤਾ ਸੰਧੂ ਵਲੋਂ ਰੱਖਿਆ ਗਿਆ। ਇਸ ਮੌਕੇ ਸਰਪੰਚ ਹਰਭਜਨ ਸਿੰਘ ਸੇਖੋਂ ਤੇ ਗ੍ਰਾਮ ਪੰਚਾਇਤ ਨੇ ਹਲਕੇ ਦੀ ਸੁਚੱਜੀ ਨੁਮਾਇੰਦਗੀ ਕਰਨ ਅਤੇ ਹਲਕੇ ਵਿਚ ਕੀਤੇ ਜਾ ਰਹੇ ਵੱਡੇ ਵਿਕਾਸ ਲਈ ਸੰਧੂ ਪਰਿਵਾਰ ਦਾ ਧੰਨਵਾਦ ਕੀਤਾ। ਇਸ ਮੌਕੇ ਸਮੂਹ ਪੰਚਾਇਤ ਵਲੋਂ ਮੈਡਮ ਪੁਨੀਤਾ ਸੰਧੂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪੰਚ ਦਰਬਾਰਾ ਸਿੰਘ, ਪੰਚ ਨਰਿੰਦਰ ਸਿੰਘ, ਸਿਕੰਦਰ ਸਿੰਘ, ਜਸਵੰਤ ਸਿੰਘ ਜੀ.ਓ.ਜੀ, ਮਾ. ਕੁਲਦੀਪ ਸਿੰਘ ਬੱਲ, ਸੈਕਟਰੀ ਪਰਮਜੀਤ ਸਿੰਘ, ਬਲਵਿੰਦਰ ਸਿੰਘ ਬਿੰਦਰੀ, ਕਮਲਜੀਤ ਕੌਰ ਪੰਚ, ਕਰਮਜੀਤ ਕੌਰ ਪੰਚ, ਸਵਰਨ ਕੌਰ ਪੰਚ, ਹਰਜੀਤ ਕੌਰ ਪੰਚ, ਪਰਮਜੀਤ ਕੌਰ ਤੇ ਹੋਰ ਨਗਰ ਵਾਸੀ ਹਾਜ਼ਰ ਸਨ।



ਬਾਸੀਆਂ ਬੇਟ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦੇ ਹੋਏ ਪੁਨੀਤਾ ਸੰਧੂ, ਨਾਲ ਸਰਪੰਚ ਹਰਭਜਨ ਸਿੰਘ ਸੇਖੋਂ, ਮਨਜੀਤ ਕੌਰ, ਪੰਚ ਦਰਬਾਰਾ ਸਿੰਘ, ਪੰਚ ਨਰਿੰਦਰ ਸਿੰਘ, ਸਿਕੰਦਰ ਸਿੰਘ, ਜਸਵੰਤ ਸਿੰਘ ਜੀ.ਓ.ਜੀ. ਤੇ ਹੋਰ। ਤਸਵੀਰ: ਹਰਵਿੰਦਰ ਸਿੰਘ ਮੱਕੜ

Tantia University
(Established by State Government Act 32 of 2013 u/s 2 (f) of UGC Act 1956)
SRI GANGANAGAR (RAJASTHAN)
Excellence Innovation Achievement
MEDICAL SCIENCE M.B.B.S.
VETERINARY SCIENCE B.V.Sc. & A.H.
AYURVEDA BAMS, M.D. (Ayurveda)
HOMOEOPATHY BHMS, M.D. (Homoeopathy)
*Admission For NEET Qualified & As Per Govt. Norms
-: OTHER COURSES :-
♦ M.Sc. Nursing ♦ B.Sc. Nursing ♦ Post Basic B.Sc. Nursing ♦ BPT ♦ MPT ♦ D.Pharmacy
♦ Ayurvedic Nursing ♦ BA LLB ♦ LLB ♦ LLM ♦ MA ♦ M.Ed. ♦ AHDP ♦ Ph.D
0154-2494125 | 94140-93087 | 94140-93083 | 94140-93082
TOLL FREE : 1800 123 1981
Email : admission@tantiauniversity.com | Visit us on : www.tantiauniversity.com

# ਵਾਰਡ-18 ਦੇ ਮੁਹੱਲਾ ਰਵਿਦਾਸਪੁਰਾ 'ਚ ਕਲੇਰ ਦੇ ਹੱਕ 'ਚ ਹੋਇਆ ਇਕੱਠ



ਜਗਰਾਉਂ ਦੇ ਮੁਹੱਲਾ ਰਵਿਦਾਸਪੁਰਾ 'ਚ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਅਕਾਲੀ-ਬਸਪਾ ਗੱਠਜੋੜ ਦੇ ਉਮੀਦਵਾਰ ਐੱਸ.ਆਰ. ਕਲੇਰ। ਅਜੀਤ ਤਸਵੀਰ

ਜਗਰਾਉਂ, 3 ਜਨਵਰੀ (ਜੋਗਿੰਦਰ ਸਿੰਘ)- ਸ਼੍ਰੋਮਣੀ ਅਕਾਲੀ ਦਲ-ਬਸਪਾ ਦੇ ਸਾਂਝੇ ਉਮੀਦਵਾਰ ਐਸ.ਆਰ. ਕਲੇਰ ਨੇ ਸਥਾਨਕ ਵਾਰਡ ਨੰਬਰ 18 ਦੇ ਮੁਹੱਲਾ ਰਵਿਦਾਸਪੁਰਾ ਵਿਚ ਅਕਾਲੀ ਦਲ ਐੱਸ.ਸੀ ਵਿੰਗ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਕਰਮਜੀਤ ਸਿੰਘ ਕੈਂਥ ਵਲੋਂ ਰੱਖੇ ਗਏ ਇਕ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹਰ ਵਰਗਾਂ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆਂ ਕਰਵਾਉਣ ਅਤੇ ਉਨ੍ਹਾਂ ਦਾ ਜੀਵਨ ਪੱਧਰ ਚੁੱਕਣ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਬਸਪਾ ਗੱਠਜੋੜ ਦੀ ਸਰਕਾਰ ਬਣਨ ਤੋਂ ਬਾਅਦ ਪਾਰਟੀ ਦੇ 13 ਨੁਕਾਤੀ ਪ੍ਰੋਗਰਾਮ ਤਹਿਤ ਨੀਲੇ ਕਾਰਡ ਧਾਰਕ ਪਰਿਵਾਰ ਦੀ ਮਹਿਲਾ ਮੁਖੀ ਦੇ ਖਾਤੇ ਵਿਚ ਹਰ ਮਹੀਨੇ 2 ਹਜ਼ਾਰ ਰੁਪਏ ਪਾਉਣ ਤੋਂ ਇਲਾਵਾ ਹਰ ਮਹੀਨੇ 400 ਯੂਨਿਟ ਬਿਜਲੀ ਮੁਫ਼ਤ ਦੇਣ, 10 ਲੱਖ ਰੁਪਏ ਦਾ ਸਿਹਤ ਬੀਮਾਂ, ਵਿਦਿਆਰਥੀਆਂ ਦੀ ਉੱਚ ਸਿੱਖਿਆ ਲਈ ਦੇ ਕੀਤੇ ਐਲਾਨ ਨਾਲ ਹਰ ਵਰਗ ਨੂੰ ਭਾਰੀ ਰਾਹਤ ਮਿਲੇਗੀ। ਇਸ ਦੌਰਾਨ ਉਨ੍ਹਾਂ ਆਪ ਸੁਪਰੀਮੋਂ ਅਰਵਿੰਦ ਕੇਜਰੀਵਾਲ 'ਤੇ ਵਰ੍ਹਦੇ ਹੋਏ ਕਿਹਾ ਕਿ ਉਹ ਸਿਰਫ਼ ਝੂਠੀਆਂ ਗਾਰੰਟੀਆਂ ਦੇ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਇਸ ਦੌਰਾਨ ਸਾਬਕਾ ਕੌਂਸਲਰ ਕਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਉਹ ਪਾਰਟੀ ਉਮੀਦਵਾਰ ਐੱਸ.ਆਰ. ਕਲੇਰ ਦੀ ਜਿੱਤ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ। ਇਸ ਮੌਕੇ ਜਥੇਦਾਰ ਇੰਦਰਜੀਤ ਸਿੰਘ ਲਾਂਬਾ, ਸ਼ਤੀਸ ਕੁਮਾਰ ਦੌਧਰੀਆ, ਦਵਿੰਦਰਜੀਤ ਸਿੰਘ ਸਿੱਧੂ, ਵਰਿੰਦਰਪਾਲ ਸਿੰਘ ਪਾਲੀ, ਸੀਨੀਅਰ ਆਗੂ ਰਾਜਾ ਵਰਮਾ, ਅਸ਼ੋਕ ਨਾਹਰ, ਕਿਸ਼ਨ ਲਾਲ, ਚੌਧਰੀ ਚਰਨ ਸਿੰਘ, ਪ੍ਰੇਮ ਸਿੰਘ ਗਲੋਟ, ਬਾਬਾ ਰਜਿੰਦਰ ਸਿੰਘ, ਨਿਰਭੈ ਸਿੰਘ, ਚੌਧਰੀ ਬੂਟਾ ਸਿੰਘ, ਚੌਧਰੀ ਬੁੱਧ ਰਾਜ, ਜਸਵੰਤ ਸਿੰਘ ਡੱਲਾ, ਬਖਤੌਰ ਸਿੰਘ ਨਿੱਕਾ, ਬਲਦੇਵ ਸਿੰਘ, ਮਹਿੰਦਰ ਸਿੰਘ, ਅਮਨਦੀਪ ਸਿੰਘ ਢਿੱਲੋਂ, ਆਤਮਾ ਸਿੰਘ, ਜਗਦੀਸ਼ ਸਿੰਘ ਭੋਲਾ, ਬਲਵਿੰਦਰ ਸਿੰਘ ਨਾਹਰ, ਸੁਰਿੰਦਰ ਕੁਮਾਰ ਨਾਹਰ, ਰਾਕੇਸ਼ ਕੁਮਾਰ, ਪਰਮਜੀਤ ਸਿੰਘ ਪੰਮਾ, ਪ੍ਰੇਮ ਲਾਲ, ਆਸ਼ਾ ਰਾਣੀ, ਮਹਿੰਦਰ ਕੌਰ, ਜਸਵਿੰਦਰ ਕੌਰ, ਹਰਬੰਸ ਕੌਰ, ਪਰਮਜੀਤ ਕੌਰ, ਨਿਰਮਲਾ ਰਾਣੀ, ਨੀਲਮ ਰਾਣੀ, ਸੰਤੋਸ਼ ਰਾਣੀ, ਜਸਵੀਰ ਕੌਰ ਆਦਿ ਹਾਜ਼ਰ ਸਨ।

# ਮੋਦੀ ਦੀ ਫਿਰੋਜ਼ਪੁਰ ਰੈਲੀ 'ਚ ਹਲਕਾ ਦਾਖਾ ਦੇ ਵੱਡੀ ਗਿਣਤੀ 'ਚ ਵਰਕਰ ਸ਼ਾਮਿਲ ਹੋਣਗੇ-ਦੇਤਵਾਲ

ਮੁੱਲਾਂਪੁਰ-ਦਾਖਾ, 3 ਜਨਵਰੀ (ਨਿਰਮਲ ਸਿੰਘ ਧਾਲੀਵਾਲ)- ਆਗਾਮੀ ਚੋਣਾਂ ਦੇ ਮੱਦੇਨਜ਼ਰ ਭਾਰਤੀ ਜਨਤਾ



ਪਾਰਟੀ ਦੀ ਪੰਜਾਬ 'ਚ 5 ਜਨਵਰੀ ਨੂੰ ਫਿਰੋਜ਼ਪੁਰ ਰੈਲੀ ਚੋਣਾਂ ਦਾ ਆਗਾਜ਼ ਹੋਵੇਗੀ, ਜਿਸ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਮੰਤਰੀ ਤੇ ਪੰਜਾਬ ਭਾਜਪਾ ਦੇ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ, ਪ੍ਰਧਾਨ ਪੰਜਾਬ ਭਾਜਪਾ ਅਸ਼ਵਨੀ ਸ਼ਰਮਾ ਵਲੋਂ ਸੰਬੋਧਨ ਕੀਤਾ ਜਾਣਾ, ਇਹ ਪ੍ਰਗਟਾਵਾ ਭਾਜਪਾ ਪੰਜਾਬ ਦੇ ਐਗਜੈਕਟਿਵ ਮੈਂਬਰ ਮੇਜਰ ਸਿੰਘ ਦੇਤਵਾਲ ਦੇ ਨਾਲ ਜ਼ਿਲ੍ਹਾ ਜਨ: ਸਕੱਤਰ ਨਵਦੀਪ ਸਿੰਘ ਗਰੇਵਾਲ ਵਲੋਂ ਕੀਤਾ। ਦੇਤਵਾਲ ਨੇ ਕਿਹਾ ਕਿ ਖੇਤੀ ਕਾਨੂੰਨ ਵਾਪਸ ਹੋਣ ਬਾਅਦ ਦੇਸ਼ ਦੇ ਹੋਰਨਾਂ ਸੂਬਿਆਂ ਵਾਂਗ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਇਕ ਤਾਕਤਵਰ ਸਿਆਸੀ ਪਾਰਟੀ ਬਣ ਕੇ ਉੱਭਰੀ, ਜਿਸ ਦੀ ਸਰਕਾਰ ਬਣਨਾ ਤੈਅ ਹੈ। ਨਵਦੀਪ ਸਿੰਘ ਗਰੇਵਾਲ ਦੱਸਿਆ ਕਿ ਹਲਕਾ ਦਾਖਾ ਦੇ ਸਮੂਹ ਭਾਜਪਾ ਵਰਕਰ ਤੇ ਅਹੁਦੇਦਾਰ ਮੇਜਰ ਸਿੰਘ ਦੇਤਵਾਲ, ਭਾਜਪਾ ਦੇ ਲੁਧਿਆਣਾ ਦਿਹਾਤੀ ਜ਼ਿਲ੍ਹਾ ਪ੍ਰਧਾਨ ਗੌਰਵ ਖੁੱਲ੍ਹਰ ਦੀ ਅਗਵਾਈ ਹੇਠ ਭਾਜਪਾ ਵਰਕਰ ਵੱਡੇ ਕਾਫ਼ਲੇ ਨਾਲ ਬੱਸਾਂ ਰਾਹੀਂ ਸ੍ਰੀ ਨਰਿੰਦਰ ਮੋਦੀ ਦੀ ਫਿਰੋਜ਼ਪੁਰ ਰੈਲੀ ਵਿਚ ਸ਼ਾਮਿਲ ਹੋਣਗੇ। ਰੈਲੀ ਸਬੰਧੀ ਜਾਣਕਾਰੀ ਸਮੇਂ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਉਪ ਪ੍ਰਧਾਨ ਸੰਜੀਵ ਢੰਡ, ਜ਼ਿਲ੍ਹਾ ਜਨ: ਸਕੱਤਰ ਪ੍ਰਦੀਪ ਜੈਨ ਤੇ ਹੋਰ ਮੌਜੂਦ ਸਨ।



ਕਸਬਾ ਭੂੰਦੜੀ 'ਚ ਮੀਟਿੰਗ ਤੋਂ ਬਾਅਦ ਸੀਨੀਅਰ ਆਗੂ ਬਰਨਾਲੇ ਵਿਖੇ ਕੀਤੀ ਜਾ ਰਹੀ 'ਜੁਝਾਰ ਰੈਲੀ' ਬਾਰੇ ਜਾਣਕਾਰੀ ਦਿੰਦੇ ਹੋਏ। ਤਸਵੀਰ: ਕੁਲਦੀਪ ਸਿੰਘ ਮਾਨ

## ਜਾਂਚ ਕੈਂਪ 8 ਜਨਵਰੀ ਨੂੰ

ਅਹਿਮਦਗੜ੍ਹ, 3 ਜਨਵਰੀ (ਸੁਖਸਾਗਰ ਸਿੰਘ ਸੋਢੀ, ਪੁਰੀ)- ਸਥਾਨਕ ਦਹਿਲੀਜ਼ ਰੋਡ ਸਥਿਤ ਸੂਦ ਹਸਪਤਾਲ ਵਲੋਂ ਪੇਟ ਅਤੇ ਜਿਗਰ ਦੇ ਰੋਗਾ ਦਾ ਮੁਫ਼ਤ ਜਾਂਚ ਦਾ ਕੈਂਪ ਮਿਤੀ 8 ਜਨਵਰੀ ਨੂੰ ਲਗਾਇਆਂ ਜਾਵੇਗਾ। ਕੈਂਪ ਸਬੰਧੀ ਜਾਣਕਾਰੀ ਦਿੰਦੇ ਡਾ. ਰਾਜੀਵ ਸੂਦ ਨੇ ਦੱਸਿਆ ਕਿ ਦੁਪਹਿਰ 11 ਵਜੇ ਤੋਂ 2 ਵਜੇ ਤੱਕ ਲਾਏ ਜਾ ਰਹੇ ਇਸ ਕੈਂਪ ਦੌਰਾਨ ਪੇਟ ਦੇ ਰੋਗਾ ਦੇ ਮਾਹਿਰ ਡਾ. ਪੁਲਕਿਤ ਧੀਮਾਨ (ਐਮ.ਡੀ. ਮੈਡੀਸਨ) ਮਰੀਜ਼ਾ ਦੀ ਜਾਂਚ ਕਰਨਗੇ ਅਤੇ ਹਸਪਤਾਲ ਵਲੋਂ ਬੀ.ਪੀ., ਸ਼ੂਗਰ, ਈ.ਸੀ.ਜੀ., ਕਾਲਾ ਪੀਲੀਆਂ ਲਈ ਟੈੱਸਟ ਵੀ ਵਾਜਬ ਰੇਟਾਂ 'ਤੇ ਕੀਤੇ ਜਾਣਗੇ।

## ਭੂੰਦੜੀ 'ਚ ਕਿਸਾਨ ਸਨਮਾਨ ਸਮਾਗਮ 7 ਨੂੰ

ਭੂੰਦੜੀ, 3 ਜਨਵਰੀ (ਕੁਲਦੀਪ ਸਿੰਘ ਮਾਨ)- ਭਾਕਿਯੂ (ਡਕੌਂਦਾ) ਏਕਤਾ ਦੇ ਬਲਾਕ ਸਿੱਧਵਾਂ ਬੇਟ ਦੇ ਆਗੂਆਂ ਰਾਮਸ਼ਰਨ ਸਿੰਘ ਸਕੱਤਰ ਤੇ ਪਰਵਾਰ ਸਿੰਘ ਗਾਲਿਬ ਅਤੇ ਲੁਧਿਆਣਾ ਜ਼ਿਲ੍ਹੇ ਦੇ ਸੀਨੀਅਰ ਆਗੂ ਦਰਸ਼ਨ ਸਿੰਘ ਗਾਲਿਬ ਖੁਰਦ ਨੇ ਦੱਸਿਆ ਕਿ ਬੇਟ ਏਰੀਆ ਦੇ ਵੱਡੇ ਪਿੰਡ ਭੂੰਦੜੀ ਵਿਖੇ ਪਿੰਡ ਦੀ ਇਕਾਈ ਦੀ ਮੀਟਿੰਗ ਕਰਵਾਈ ਗਈ, ਜਿਸ ਵਿਚ ਕਾਲੇ ਕਾਨੂੰਨਾਂ ਖ਼ਿਲਾਫ਼ ਜਿੱਤੇ ਸੰਘਰਸ਼ ਵਿਚ ਯੋਗਦਾਨ ਪਾਉਣ ਵਾਲੇ ਯੋਧਿਆਂ ਦਾ ਸਨਮਾਨ ਭੂੰਦੜੀ ਵਿਖੇ 7 ਜਨਵਰੀ ਸਵੇਰੇ 10 ਵਜੇ ਕੀਤਾ ਜਾਵੇਗਾ ਤੇ ਸ਼ਹੀਦ ਹੋਣ ਵਾਲੇ ਸੰਘਰਸ਼ੀ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ। ਪਿੰਡ ਇਕਾਈ ਨੇ 10 ਜਨਵਰੀ ਨੂੰ ਬਰਨਾਲੇ ਵਿਖੇ ਕੀਤੀ ਜਾ ਰਹੀ 'ਜੁਝਾਰ ਰੈਲੀ' ਵਿਚ ਵੱਧ ਤੋਂ ਵੱਧ ਸਾਥੀਆਂ ਨੂੰ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਪਿੰਡ ਇਕਾਈ ਦੇ ਪ੍ਰਧਾਨ ਅਮਰੀਕ ਸਿੰਘ ਰਾਮਾ, ਸਿਕੰਦਰ ਸਿੰਘ ਮੁਕੰਦਪੁਰ, ਮਨਜਿੰਦਰ ਸਿੰਘ ਖ਼ਜ਼ਾਨਚੀ, ਸਤਵੰਤ ਸਿੰਘ ਰਾਮਾ, ਜਗਦੇਵ ਸਿੰਘ ਕੋਟਉਮਰਾ, ਬੰਤ ਸਿੰਘ ਚੀਮਨਾ, ਪ੍ਰਿਤਪਾਲ ਸਿੰਘ ਧਾਂਦਰਾ, ਦਲਜੀਤ ਸਿੰਘ ਸਵੱਦੀ, ਜੱਗਾ ਸਿੰਘ ਰਾਮਾ, ਪੀ.ਐੱਮ.ਯੂ. ਮਸ਼ਾਲ ਦੇ ਆਗੂ ਡਾ. ਸੁਖਦੇਵ ਸਿੰਘ ਨੇ ਹਮਾਇਤ ਕੀਤੀ।

ਹੁਣ ਲੁਧਿਆਣਾ ਵਿਚ
ਸਲਾਹ-ਮਸ਼ਵਰਾ ਅਤੇ ਹਾਰਟ ਪ੍ਰਕਿਰਿਆਵਾਂ
ਪਦਮ ਭੂਸ਼ਣ ਐਵਾਰਡੀ, ਕਾਰਡੀਓਲੋਜਿਸਟ
ਡਾ. ਟੀ. ਐੱਸ. ਕਲੇਰ
ਚੇਅਰਮੈਨ, ਫੋਰਟਿਸ ਹਾਰਟ ਐਂਡ ਵੈਸਕੁਲਰ ਇੰਸਟੀਚਿਊਟ, ਗੁਰੂਗ੍ਰਾਮ
ਅਤੇ ਫੋਰਟਿਸ ਹਸਪਤਾਲ, ਵਸੰਤ ਕੁੰਜ, ਨਵੀਂ ਦਿੱਲੀ
ਮਿਤੀ : ਵੀਰਵਾਰ, 6 ਜਨਵਰੀ, 2022 | ਸਮਾਂ : ਸਵੇਰੇ 10.00 ਵਜੇ ਤੋਂ ਸ਼ਾਮ 3.00 ਵਜੇ
ਦਿਲ ਨਾਲ ਸੰਬੰਧਿਤ ਸਮੱਸਿਆਵਾਂ ਲਈ ਆਓ ਅਤੇ ਸਾਡੇ ਵਿਸ਼ੇਸ਼ੱਗ ਨਾਲ ਸਲਾਹ-ਮਸ਼ਵਰਾ ਕਰੋ :
• ਛਾਤੀ ਵਿਚ ਦਰਦ/ਭਾਰੀਪਨ • ਚਲਣ 'ਤੇ ਸਾਹ ਫੁੱਲਣਾ • ਹਾਈ ਬਲੱਡ ਕੋਲੈਸਟ੍ਰੋਲ ਦੇ ਪੱਧਰ
• ਅਨਿਯਮਿਤ ਦਿਲ ਦੀ ਧੜਕਣ • ਜਮਾਂਦਰੂ ਦਿਲ ਦੀ ਬਿਮਾਰੀ • ਘਬਰਾਹਟ • ਬੇਹੋਸ਼ੀ ਹੋਣਾ
ਅਪਾਇੰਟਮੈਂਟ ਲਈ ਕਾਲ ਕਰੋ : ਵਿਕਾਸ -9729928181 / ਅਮਨ - 9877364966
ਸਥਾਨ : ਕੁਲਵੰਤ ਹਾਰਟ ਸੈਂਟਰ, 11-ਡੀ, ਕਿਚਲੂ ਨਗਰ, ਲੁਧਿਆਣਾ
ਫੋਰਟਿਸ ਮੈਮੋਰੀਅਲ ਰਿਸਰਚ ਇੰਸਟੀਚਿਊਟ,
ਸੈਕਟਰ-44, ਹੁੱਡਾ ਸਿਟੀ ਸੈਂਟਰ ਦੇ ਸਾਹਮਣੇ, ਗੁਰੂਗ੍ਰਾਮ-122002
ਫੋਨ : 0124-4962200 | ਐਂਬੂਲੈਂਸ : 105010 | www.fmri.in
Fortis HEART & VASCULAR INSTITUTE Gurugram
ਫੋਰਟਿਸ ਮੈਮੋਰੀਅਲ ਰਿਸਰਚ ਇੰਸਟੀਚਿਊਟ, ਗੁਰੂਗ੍ਰਾਮ ਸਭ ਉੱਘੀਆਂ TPAs,
ਮੈਡੀਕਲ ਇੰਸ਼ੋਰੈਂਸ ਕੰਪਨੀਆਂ, PSUs ਅਤੇ ਹਰਿਆਣਾ ਸਰਕਾਰ ਦੇ ਪੈਨਲ 'ਤੇ ਹੈ

GOVT. OF PUNJAB
ਪੰਜਾਬ ਦੇ ਮੁੱਖ ਮੰਤਰੀ
ਚਰਨਜੀਤ ਸਿੰਘ ਚੰਨੀ
ਦੀ
ਗਤੀਸ਼ੀਲ ਅਗਵਾਈ ਹੇਠ
ਭਾਰਤ ਭੂਸ਼ਨ ਆਸ਼ੂ
ਖੁਰਾਕ, ਸਿਵਲ ਸਪਲਾਈ
ਅਤੇ ਖਪਤਕਾਰ ਮਾਮਲੇ ਮੰਤਰੀ, ਪੰਜਾਬ
ਅਤੇ
ਗੁਰਕੀਰਤ ਸਿੰਘ ਕੋਟਲੀ
ਉਦਯੋਗ ਤੇ ਵਣਜ ਅਤੇ
ਵਿਗਿਆਨ ਤੇ ਤਕਨੀਕ ਮੰਤਰੀ, ਪੰਜਾਬ
ਵੱਲੋਂ
40 ਐਮ. ਐਲ. ਡੀ.
ਕਾਮਨ ਐਫ਼ੂਲੈਂਟ ਟਰੀਟਮੈਂਟ ਪਲਾਂਟ
(ਫੋਕਲ ਪੁਆਇੰਟ ਮੋਡਿਊਲ)
ਦਾ ਉਦਘਾਟਨ
ਮਿਤੀ 04.01.2022, ਦਿਨ ਮੰਗਲਵਾਰ ਨੂੰ ਸਵੇਰੇ 11:00 ਵਜੇ
ਤਾਜਪੁਰ ਰੋਡ, ਲੁਧਿਆਣਾ ਵਿਖੇ ਕੀਤਾ ਜਾਵੇਗਾ।





ਪ੍ਰਾਜੈਕਟ ਕੀਮਤ 84.5 ਕਰੋੜ
ਲਾਭਪਾਤਰੀ ਉਦਯੋਗ 73
ਪ੍ਰਾਜੈਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ:-
• ਵਾਤਾਵਰਣ ਵਿੱਚ ਪ੍ਰਦੂਸ਼ਣ ਦੀ ਕਮੀ
• ਉਦਯੋਗਾਂ ਨੂੰ ਅੰਦਰੂਨੀ ਟਰੀਟਮੈਂਟ ਤੋਂ ਰਾਹਤ
• ਹੁਨਰਮੰਦ ਵਿਅਕਤੀਆਂ ਵੱਲੋਂ ਕੇਂਦਰੀਕ੍ਰਿਤ ਤੇ ਬਿਹਤਰ ਟਰੀਟਮੈਂਟ
• ਟਰੀਟਮੈਂਟ ਲਈ ਪੂੰਜੀ ਅਤੇ ਸੰਚਾਲਨ ਲਾਗਤ ਵਿੱਚ ਬੱਚਤ
• ਨੇਮਬੰਦੀ ਅਦਾਰਿਆਂ ਵੱਲੋਂ ਇੱਕ ਜਗ੍ਹਾ ਤੋਂ ਨਿਗਰਾਨੀ
No:13/311/2021/12079
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ, ਫੋਨ : 0175-2302392, 2200557, ਫੈਕਸ : 0175-2215636